# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮਾਨਸਾ।

ਵੱਲ

ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਇੰਚਾਰਜ
ਸਸਸ/ਸਹਸ/ਸਮਿਸ
ਜ਼ਿਲ੍ਹਾ ਮਾਨਸਾ।

ਅਤਿ ਜਰੂਰੀ

ਪੱਤਰ ਨੰ: ਆਈ.ਸੀ.ਟੀ./ਗ੍ਰਾਂਟਜ਼/2022/273643 ਮਿਤੀ: 18.10.2022

ਵਿਸ਼ਾ:- ਇੰਟਰਨੈੱਟ ਕੁਨੈਕਸ਼ਨ ਦਾ ਡਾਟਾ ਅੱਪਡੇਟ ਕਰਨ ਸਬੰਧੀ ।

ਉਪਰੋਕਤ ਵਿਸ਼ੇ ਸਬੰਧੀ ਸਮੂਹ ਸਕੂਲਾਂ ਦੇ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ E-Punjab Potral ਤੇ ਕੰਪਿਊਟਰ ਹਾਰਡਵੇਅਰ ਦੀ ਡਿਟੇਲ ਭਰਨ ਸਮੇਂ ICT Repors/Data ਦੇ ਨਾਮ ਤੇ ਲਿੰਕ ਦਿੱਤਾ ਗਿਆ ਹੈ ਜਿਸ ਦੇ ਅੰਦਰ Internet Module ਦਿੱਤਾ ਗਿਆ ਹੈ, ਇਸ Internet Module ਵਿੱਚ ਸਕੂਲ ਵਿੱਚ ਉਪਲਬਧ ਇੰਟਰਨੈੱਟ ਦੀ ਡਿਟੇਲ ਭਰੀ ਜਾਣੀ ਹੈ, ਜਿਆਦਾਤਰ ਸਕੂਲਾਂ ਵੱਲੋਂ ਡਿਟੇਲ ਭਰੀ ਗਈ ਹੈ ਪ੍ਰੰਤੂ ਕੁਝ ਸਕੂਲਾਂ ਵੱਲੋਂ ਅਜੇ ਤੱਕ ਇਸ ਸਬੰਧੀ ਡਿਟੇਲ ਨਹੀਂ ਭਰੀ ਗਈ ਹੈ।ਸੋ ਸਮੂਹ ਸਕੂਲ ਮੁੱਖੀ ਉਕਤ ਅਨੁਸਾਰ ਡਾਟਾ ਚੈੱਕ ਕਰਕੇ ਮੌਜੂਦਾ ਸਮੇਂ ਸਕੂਲ ਵਿੱਚ ਚੱਲ ਰਹੇ ਇੰਟਰਨੈੱਟ ਕੁਨੈਕਸ਼ਨ ਸਬੰਧੀ ਸੂਚਨਾ ਅੱਪਡੇਟ ਕਰਨ ਅਤੇ ਜਿਨ੍ਹਾਂ ਸਕੂਲਾਂ ਵੱਲੋਂ ਹਾਲੇ ਤੱਕ ਡਿਟੇਲ ਨਹੀਂ ਭਰੀ ਗਈ ਸਬੰਧਤ ਸਕੂਲ ਵੀ ਤੁਰੰਤ ਡਿਟੇਲ ਭਰਨ ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।ਆਈ.ਸੀ.ਟੀ. ਅਧੀਨ ਅਟੈਂਚ ਸਕੂਲਾਂ ਦਾ ਡਾਟਾ ਵੀ ਸਬੰਧਤ ਕੰਪਲੈਕਸ ਸਕੂਲ ਵੱਲੋਂ ਵੈਰਿਫਾਈ ਕਰਕੇ ਭਰਵਾਉਣ ਅਤੇ ਅਪਡੇਟ ਕਰਵਾਉਣ ਯਕੀਨੀ ਬਣਾਇਆ ਜਾਵੇ।

ਆਪ ਦੇ ਧਿਆਨ ਹਿਤ ਦੱਸਿਆ ਜਾਂਦਾ ਹੈ ਕਿ ਅਗਲੇ ਸਾਲ ਲਈ ਇੰਟਰਨੈੱਟ ਗ੍ਰਾਂਟ ਜਾਰੀ ਕਰਨ ਸਮੇਂ ਆਨ-ਲਾਈਨ ਉਪਲਬਧ ਇੰਟਰਨੈੱਟ ਡਾਟਾ ਨਾਲ cross check ਕਰਕੇ ਗ੍ਰਾਂਟ ਜਾਰੀ ਕੀਤੀ ਜਾਵੇਗੀ। ਜਿਸ ਸਕੂਲ ਦਾ ਡਾਟਾ ਆਨ-ਲਾਈਨ ਲਿੰਕ ਤੇ ਉਪਲਬਧ ਨਹੀਂ ਹੋਵੇਗਾ, ਉਸ ਸਕੂਲ ਨੂੰ ਇੰਟਰਨੈੱਟ ਗ੍ਰਾਂਟ ਜਾਰੀ ਨਹੀਂ ਕੀਤੀ ਜਾਵੇਗੀ। ਜਿਸ ਸਬੰਧੀ ਨਿਰੋਲ ਜੁਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਮਾਨਸਾ।

Scanned with CamScanner